## ਮਿਤੀ 30-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 132<br>ਮਿਤੀ: 30-11-22<br>ਜੁਰਮ:454,380, ਆਈ.ਪੀ.ਸੀ.<br>ਥਾਣਾ:- ਮਟੌਰ | ਅਮਰਬੀਰ ਕੌਰ ਪਤਨੀ ਲੇਟ ਜਸਵੰਤ ਸਿੰਘ ਵਾਸੀ ਮਕਾਨ ਨੰ.1055 ਸੈਕ:71 ਮੋਹਾਲੀ ਜਿਲਾ ਐਸ.ਏ.ਐਸ.ਨਗਰ<br>ਉਮਰ 71 ਸਾਲ<br>98151-59614 | ਨਾ-ਮਾਲੂਮ ਵਿਅਕਤੀ/ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ। ਮੈਂ ਅੱਜ ਹਰ ਰੋਜ਼ ਦੀ ਤਰਾਂ ਘਰ ਵਿੱਚ ਇਕੱਲੀ ਸੀ ਤਾਂ ਵਕਤ ਕਰੀਬ 03:00 ਪੀ.ਐਮ ਦੇ ਮੈਂ ਅਰਾਮ ਕਰਨ ਲਈ ਬੈੱਡਰੂਮ ਵਿੱਚ ਸੌਂ ਗਈ। ਜਦੋਂ ਮੈਂ ਵਕਤ ਕਰੀਬ 04:00ਪੀ.ਐਮ ਪਰ ਉੱਠ ਕੇ ਪਿਛਲੇ ਬੈੱਡਰੂਮ ਵਿੱਚ ਗਈ ਤਾਂ ਸਾਰੀਆਂ ਅਲਮਾਰੀਆਂ ਦਾ ਸਮਾਨ ਖਿਲਰਿਆ ਪਿਆ ਸੀ ਅਤੇ ਅਲਮਾਰੀ ਵਿੱਚ ਰੱਖੇ ਸੋਨੇ ਦੇ ਗਹਿਣੇ ਅਤੇ ਕੈਸ਼ ਗਾਇਬ ਸੀ ਜਿਹਨਾਂ ਨੂੰ ਕੋਈ ਨਾ-ਮਾਲੂਮ ਵਿਅਕਤੀ ਮੇਰੇ ਘਰ ਅੰਦਰ ਦਾਖਲ ਹੋ ਕੇ ਚੋਰੀ ਕਰਕੇ ਲੈ ਗਿਆ ਹੈ। ਚੋਰੀ ਹੋਏ ਬਾਕੀ ਸਮਾਨ ਦੀ ਲਿਸਟ ਮੈਂ ਬਾਅਦ ਵਿੱਚ ਪੇਸ਼ ਕਰ ਦਵਾਂਗੀ। ਨਾ-ਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 2 | ਮੁਕੱਦਮਾ ਨੰ:503<br>ਮਿਤੀ: 30-11-22<br>ਜੁਰਮ:452,323,506, 148,149, ਆਈ.ਪੀ.ਸੀ.<br>ਥਾਣਾ:- ਸੋਹਾਣਾ | ਗੁਰਜੀਤ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਪਿੰਡ ਸੈਦਪੁਰ ਥਾਣਾ ਸੋਹਾਣਾ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 25 ਸਾਲ<br>98038-11221 | 1) ਰਮਨਦੀਪ ਸਿੰਘ ਪੁੱਤਰ ਪੱਪੀ<br>2) ਮਨਦੀਪ ਸਿੰਘ ਗੋਲਡੀ ਪੁੱਤਰ ਹਰਨੇਕ ਸਿੰਘ<br>3) ਰਣਜੀਤ ਸਿੰਘ ਉਰਫ ਕਾਕਾ ਪੰਚ ਪੁੱਤਰ ਕੁਲਦੀਪ ਸਿੰਘ<br>4) ਜਸਬੀਰ ਸਿੰਘ ਪੁੱਤਰ ਕੁਲਦੀਪ ਸਿੰਘ<br>5) ਮਨਦੀਪ ਸਿੰਘ ਉਰਫ ਘੋਲਾ ਪੁੱਤਰ ਡੋਗਰ ਸਿੰਘ<br>6) ਸਤਨਾਮ ਸਿੰਘ ਗਾਂਧੀ ਪੰਚ ਪੁੱਤਰ ਜਗਤਾਰ ਸਿੰਘ<br>7) ਜੱਸੀ ਪੁੱਤਰ ਛਿੰਦਰ ਸਿੰਘ<br>ਵਾਸੀਆਨ ਪਿੰਡ ਸੈਦਪੁਰ ਥਾਣਾ ਸੋਹਾਣਾ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਪ੍ਰਾਈਵੇਟ ਨੌਕਰੀ ਕਰਦਾ ਹਾਂ। ਮਿਤੀ 23-11-22 ਨੂੰ ਫੇਸਬੁੱਕ ਪਰ ਮਾਨਯੋਗ ਕੁਲਦੀਪ ਸਿੰਘ ਧਾਲੀਵਾਲ ਪੰਚਾਇਤ ਮੰਤਰੀ ਪੰਜਾਬ ਲਾਈਵ ਹੋਏ ਸਨ ਤੇ ਮੈਂ ਵੀ ਇਸ ਪੋਸਟ ਤੇ ਆਪਣਾ ਇੱਕ ਕੁਮੈਂਟ ਪਾਇਆ ਸੀ। ਮਿਤੀ 25-11-22 ਨੂੰ ਮੈਂ ਆਪਣੇ ਘਰ ਹਾਜ਼ਰ ਸੀ ਤਾਂ ਉਕਤਾਨ ਸਾਰੇ ਦੋਸ਼ੀਆਨ ਇਕੱਠੇ ਹੋ ਕੇ ਹੱਥਾਂ ਵਿੱਚ ਡੰਡੇ ਸੋਟੇ ਲੈ ਕੇ ਸਾਡੇ ਘਰ ਅੰਦਰ ਆਏ ਅਤੇ ਮੈਨੂੰ ਪੋਸਟ ਤੇ ਪਾਏ ਕੁਮੈਂਟ ਡਿਲੀਟ ਕਰਨ ਲਈ ਕਹਿਣ ਲੱਗੇ ਤਾਂ ਮੈਂ ਮਨਾਂ ਕਰ ਦਿੱਤਾ। ਜਿਸ ਤੇ ਇਹਨਾਂ ਸਾਰਿਆਂ ਨੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਮੈਂ ਮਾਰਤਾ ਮਾਰਤਾ ਦਾ ਰੌਲਾ ਪਾਇਆ ਤਾਂ ਮੇਰੀ ਪਤਨੀ ਰੀਨਾ ਦੇਵੀ ਅਤੇ ਮੇਰੀ ਭਰਜਾਈ ਜਸਵੰਤ ਕੌਰ ਮੈਨੂੰ ਇਹਨਾਂ ਤੋਂ ਛੁਡਾਉਣ ਲੱਗੀਆਂ ਤਾਂ ਰਮਨਦੀਪ ਸਿੰਘ ਨੇ ਮੇਰੀ ਪਤਨੀ ਅਤੇ ਭਰਜਾਈ ਨੂੰ ਧੱਕਾ ਮਾਰਿਆ ਅਤੇ ਹੇਠਾਂ ਸੁੱਟ ਦਿੱਤਾ। ਮੌਕੇ ਤੇ ਲੋਕਾਂ ਦਾ ਇਕੱਠ ਹੁੰਦਾ ਦੇਖ ਉਕਤਾਨ ਦੋਸ਼ੀਆਨ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:346<br>ਮਿਤੀ: 30-11-22<br>ਜੁਰਮ: 380,379,357, 354,34, ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਧੀਰਜ ਬੱਤਾ ਪੁੱਤਰ ਪ੍ਰਵੀਨ ਕੁਮਾਰ ਬੱਤਾ ਵਾਸੀ ਫਲੈਟ ਨੰ. ਏ-3 ਸਵਰਾਜ ਇੰਨਕਲੇਵ ਲਾਂਡਰਾਂ ਰੋਡ ਖਰੜ ਜਿਲਾ ਐਸ.ਏ.ਐਸ.ਨਗਰ<br>80543-31390 | 1) ਯੂਨਿਸ ਉਰਫ ਗੈਰੀ ਪੁੱਤਰ ਅਮਰ ਚੰਦ ਵਾਸੀ ਕੌਸ਼ਲ ਹਸਪਤਾਲ ਦੀ ਬੈਕਸਾਈਡ ਖਰੜ<br>2) ਜਸਵਿੰਦਰ ਸਿੰਘ ਉਰਫ ਜੱਸੀ ਵਾਸੀ ਨਾ-ਮਾਲੂਮ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 27-11-22 ਨੂੰ ਮੇਰੀ ਰਿਸ਼ਤੇਦਾਰੀ ਵਿੱਚ ਵਿਆਹ ਹੋਣ ਕਾਰਨ ਮੇਰੀ ਘਰਵਾਲੀ ਘਰ ਤੋਂ ਖੰਨਾ ਚਲੇ ਗਈ ਸੀ। ਅਤੇ ਮੈਂ ਵੀ ਕਿਸੇ ਕੰਮ ਲਈ ਪਟਿਆਲਾ ਗਿਆ ਹੋਇਆ ਸੀ। ਕੱਲ ਮਿਤੀ 29-11-22 ਨੂੰ ਵਕਤ ਕਰੀਬ 09:00 ਪੀ.ਐਮ ਦੇ ਅਸੀਂ ਆਪਣੇ ਘਰ ਆ ਕੇ ਦੇਖਿਆ ਤਾਂ ਮੇਰੇ ਫਲੈਟ ਦੇ ਤਾਲੇ ਟੁੱਟੇ ਹੋਏ ਸਨ ਅਤੇ ਅੰਦਰ ਸਮਾਨ ਖਿਲਰਿਆ ਪਿਆ ਸੀ। ਜਦੋਂ ਅਸੀਂ ਚੈੱਕ ਕੀਤਾ ਤਾਂ ਘਰ ਵਿੱਚ ਪਏ ਸਾਰੇ ਗਹਿਣੇ ਅਤੇ ਨਗਦੀ ਚੋਰੀ ਹੋਣੀ ਪਾਈ ਗਈ ਅਤੇ ਘਰ ਵਿੱਚ ਪਏ 03 ਮੋਬਾਈਲ ਫੋਨ ਵੀ ਗਾਇਬ ਸਨ। ਆਪਣੇ ਤੌਰ ਤੇ ਪੜਤਾਲ ਕਰਨ ਤੇ ਮੈਨੂੰ ਪਤਾ ਲੱਗਾ ਹੈ ਕਿ ਇਹ ਚੋਰੀ ਉਕਤਾਨ ਵਿਅਕਤੀਆਂ ਨੇ ਕੀਤੀ ਹੈ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 4 | ਮੁਕੱਦਮਾ ਨੰ: 240<br>ਮਿਤੀ: 30-11-22<br>ਜੁਰਮ:323,325,341,<br>294,506,34,<br>ਆਈ.ਪੀ.ਸੀ.<br>ਥਾਣਾ:- ਸਦਰ ਖਰੜ | ਪਰਮਜੀਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਮਕਾਨ ਨੰ.86 ਸੈਕ:78 ਮੋਹਾਲੀ ਥਾਣਾ ਸੋਹਾਣਾ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 55 ਸਾਲ<br>97799-75484 | 02 ਨਾ-ਮਾਲੂਮ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਹੈਲਥ ਡਿਪਾਰਟਮੈਂਟ ਵਿੱਚ ਨੌਕਰੀ ਕਰਦਾ ਹਾਂ। ਮਿਤੀ 28-11-22 ਨੂੰ ਮੈਂ ਛੁੱਟੀ ਹੋਣ ਕਾਰਨ ਆਪਣੇ ਭਤੀਜੇ ਗੁਰਜਿੰਦਰ ਸਿੰਘ ਪੁੱਤਰ ਸਰਬਜੀਤ ਸਿੰਘ ਦੇ ਦਫਤਰ ਚਲਾ ਗਿਆ ਸੀ ਜੋ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ। ਇੰਨੇ ਵਿੱਚ ਉੱਥੇ ਇੱਕ ਕਲੀਨਸ਼ੇਵ ਵਿਅਕਤੀ ਆਇਆ ਜਿਸਨ ਪਲਾਟ ਖਰੀਦਣ ਦੀ ਡਿਮਾਂਡ ਕੀਤੀ। ਤਾਂ ਮੈਂ ਅਤੇ ਮੇਰਾ ਭਤੀਜਾ ਉਸਨੂੰ ਪਲਾਟ ਦਿਖਾਉਣ ਲਈ ਸੈਕ:123 ਖਰੜ ਚਲੇ ਗਏ। ਇੰਨੇ ਨੂੰ ਉਕਤ ਵਿਅਕਤੀ ਦਾ ਦੂਜਾ ਸਾਥੀ ਮੋਟਰ ਸਾਈਕਲ ਤੇ ਸਵਾਰ ਹੋ ਕੇ ਆਇਆ ਜਿਸ ਦੇ ਹੱਥ ਵਿੱਚ ਨਲਕੇ ਦੀ ਹੱਥੀ ਸੀ। ਮੇਰਾ ਭਤੀਜਾ ਲਾਗੇ ਚਲਦੀ ਹੋਈ ਮੋਟਰ ਤੋਂ ਪਾਣੀ ਲੈਣ ਲਈ ਚਲਾ ਗਿਆ ਤਾਂ ਦੋਵੇਂ ਵਿਅਕਤੀ ਮੇਰੇ ਹੱਥ ਵਿੱਚ ਪਾਇਆ ਸੋਨੇ ਦਾ ਮੋਟਾ ਕੜਾ ਦੇਖ ਕੇ ਲਾਲਚ ਵਿੱਚ ਆ ਗਏ ਅਤੇ ਬਾਅਦ ਵਿੱਚ ਆਏ ਵਿਅਕਤੀ ਨੇ ਮੈਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮੇਰੀ ਕੁੱਟਮਾਰ ਕਰਨ ਲੱਗ ਗਏ। ਉਕਤ ਵਿਅਕਤੀ ਨੇ ਨਲਕੇ ਦੀ ਹੱਥੀ ਦੇ ਕਈ ਵਾਰ ਮੇਰੇ ਤੇ ਕੀਤੇ। ਜਦੋਂ ਮੈਂ ਮਾਰਤਾ ਮਾਰਤਾ ਦਾ ਰੌਲਾ ਪਾਇਆ ਤਾਂ ਮੇਰਾ ਭਤੀਜਾ ਭੱਜ ਕੇ ਮੇਰੇ ਵੱਲ ਆਇਆ ਤਾਂ ਉਕਤ ਵਿਅਕਤੀ ਨੇ ਮੇਰੇ ਹੱਥ ਵਿੱਚੋਂ ਸੋਨੇ ਦਾ ਕੜਾ ਕੱਢ ਲਿਆ ਅਤੇ ਧਮਕੀਆਂ ਦਿੰਦੇ ਹੋਏ ਆਪਣੇ ਮੋਟਰ ਸਾਈਕਲ ਤੇ ਫਰਾਰ ਹੋ ਗਏ। |
| 5 | ਮੁਕੱਦਮਾ ਨੰ: 78<br>ਮਿਤੀ: 30-11-22<br>ਜੁਰਮ: 4(1),21(1),<br>ਮਾਈਨਿੰਗ ਐਕਟ 1957<br>ਥਾਣਾ: ਬ ਲਾਕ ਮਾਜਰੀ | ਹਰਪ੍ਰੀਤ ਸਿੰਘ<br>ਮਾਈਨਿੰਗ ਅਫਸਰ ਮੋਹਾਲੀ<br>ਜਿਲਾ ਐਸ.ਏ.ਐਸ.ਨਗਰ | ਨਾ-ਮਾਲੂਮ ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਨਜਾਇਜ਼ ਮਾਈਨਿੰਗ ਦੇ ਸਬੰਧ ਵਿੱਚ ਮੇਰੇ ਵੱਲੋਂ ਪਿੰਡ ਅਭੀਪੁਰ ਦਾ ਮੌਕਾ ਵੇਖਿਆ ਗਿਆ। ਜਿੱਥੇ ਨਜਾਇਜ਼ ਢੰਗ ਨਾਲ ਮਿੱਟੀ ਦੀ ਨਿਕਾਸੀ ਕੀਤੀ ਪਾਈ ਗਈ ਪ੍ਰੰਤੂ ਮੌਕੇ ਉੱਤੇ ਕੋਈ ਵੀ ਜੇ.ਸੀ.ਬੀ. ਜਾਂ ਟਿੱਪਰ ਮੌਜੂਦ ਨਹੀਂ ਸੀ। ਜਿਸ ਤੇ ਨਾ-ਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ: 373<br>ਮਿਤੀ: 30-11-22<br>ਜੁਰਮ: 186,353,506,<br>ਆਈ.ਪੀ.ਸੀ.<br>ਥਾਣਾ:- ਡੇਰਾਬਸੀ | ਐਸ.ਆਈ.ਜਸਕੰਵਲ ਸਿੰਘ ਸੇਖੋਂ<br>ਮੁੱਖ ਅਫਸਰ ਥਾਣਾ ਡੇਰਾਬਸੀ<br>77101-11958 | ਆਸ਼ਾ ਕਾਲੀਆ ਪਤਨੀ ਮਨਮੋਹਨ ਕਾਲੀਆ ਵਾਸੀ ਮਕਾਨ ਨੰ.1643 ਗੁਪਤਾ ਕਲੋਨੀ ਡੇਰਾਬਸੀ | ਅੱਜ ਮਨ ਥਾਣੇਦਾਰ/ਮੁੱਖ ਅਫਸਰ ਥਾਣਾ ਹਾਜਰ ਸੀ ਤਾਂ ਸ.ਥ.ਨਾਥੀ ਰਾਮ ਨੰ.971/ਐਸ.ਏ.ਐਸ.ਨਗਰ ਨੇ ਇਤਲਾਹ ਦਿੱਤੀ ਕਿ ਮੈਂ ਸਮੇਤ ਮਹਿਲਾ ਸੀ.ਸਿ. ਦਲਬੀਰ ਕੌਰ ਨੰ.1481/ਐਸ.ਏ.ਐਸ ਨਗਰ ਦੇ ਮੁ.ਨੰ.115 ਮਿਤੀ 31-03-22 ਅ/ਧ.328,376 ਆਈ.ਪੀ.ਸੀ ਥਾਣਾ ਡੇਰਾਬਸੀ ਦੀ ਤਫਤੀਸ਼ ਦੇ ਸਬੰਧ ਵਿੱਚ ਮੁਦੱਈ ਮੁਕੱਦਮਾ ਆਸ਼ਾ ਕਾਲੀਆ ਉਕਤ ਅਤੇ ਹਾਜੀ ਨਸੀਮ ਅਹਿਮਦ ਪੁੱਤਰ ਨਾਸੀਰ ਅਹਿਮਦ ਨੂੰ ਤਲਬ ਕੀਤਾ ਸੀ ਜੋ ਅੱਜ ਥਾਣਾ ਹਾਜਰ ਆਏ ਸੀ। ਮੁਕੱਦਮਾ ਉਕਤ ਦੀ ਮੁਦੱਈ ਆਸ਼ਾ ਕਾਲੀਆ ਮੁਕੱਦਮਾ ਉਕਤ ਦੇ ਦੋਸ਼ੀ ਨੂੰ ਥਾਣਾ ਵਿੱਚ ਦੇਖ ਕੇ ਇੱਕਦਮ ਭੜਕ ਗਈ ਜਿਸ ਨੇ ਆਪਣੀ ਪਹਿਨੀ ਹੋਈ ਜਰਕੀਨ ਦੀ ਜੇਬ ਵਿੱਚੋਂ ਚਾਕੂ ਕੱਢਿਆ ਅਤੇ ਆਪਣੇ ਖੱਬੇ ਹੱਥ ਦੇ ਗੁੱਟ ਪਰ ਤਿੰਨ ਵਾਰ ਕੀਤੇ। ਜੋ ਕਹਿੰਦੀ ਸੀ ਕਿ ਜੇਕਰ ਤੁਸੀਂ ਅੱਜ ਮੈਨੂੰ ਮੁਕੱਦਮਾ ਉਕਤ ਦੇ ਦੋਸ਼ੀ ਪਾਸੋਂ ਪੈਸੇ ਨਾ ਦਵਾਏ ਤਾਂ ਮੈਂ ਆਤਮ ਹੱਤਿਆ ਕਰਕੇ ਪੁਲਿਸ ਕਰਮਚਾਰੀਆਂ ਅਤੇ ਉਕਤ ਦੋਸ਼ੀਆਂ ਨੂੰ ਝੂਠੇ ਕੇਸ ਵਿੱਚ ਫਸਾ ਦਵਾਂਗੀ। ਜਿਸ ਨੂੰ ਸ.ਥ.ਨਾਥੀ ਰਾਮ ਅਤੇ ਮਹਿਲਾ ਕਰਮਚਾਰੀ ਵੱਲੋਂ ਬਹੁਤ ਸਮਝਾਇਆ ਗਿਆ ਪਰ ਉਹ ਆਪਣੀ ਹਰਕਤ ਤੋਂ ਬਾਜ ਨਹੀਂ ਆਈ ਤੇ ਹਾਜਰ ਕਰਮਚਾਰੀਆਂ ਨੂੰ ਧੱਕੇ ਮਾਰਨ ਲੱਗ ਪਈ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 7 | ਮੁਕੱਦਮਾ ਨੰ:374<br>ਮਿਤੀ: 30-11-22<br>ਜੁਰਮ: 279,304ਏ,<br>427,ਆਈ.ਪੀ.ਸੀ.<br>ਥਾਣਾ:- ਡੇਰਾਬਸੀ | ਮੋਹਨ ਪੁੱਤਰ ਰਮੇਸ਼ ਵਾਸੀ ਪਿੰਡ ਸੰਬਲ ਜਿਲਾ ਮੁਰਾਦਾਬਾਦ ਯੂ.ਪੀ. ਹਾਲ ਵਾਸੀ ਕਿਰਾਏਦਾਰ ਸੱਤੇ ਪਿੰਡ ਮੋਰਠਿਕਰੀ ਥਾਣਾ ਡੇਰਾਬਸੀ ਜਿਲਾ ਐਸ.ਏ.ਐਸ ਨਗਰ ਉਮਰ 44 ਸਾਲ<br>73475-23746 | ਨਾ-ਮਾਲੂਮ ਟਿੱਪਰ ਚਾਲਕ<br>ਟਿੱਪਰ ਨੰਬਰੀ ਸੀ.ਐਚ-04ਈ-1267 | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਆਰ.ਐਮ ਫੈਬਰਿਕ ਫੈਕਟਰੀ ਪਿੰਡ ਮੋਰਠਿਕਰੀ ਵਿਖੇ ਨੌਕਰੀ ਕਰਦਾ ਹਾਂ। ਮੇਰਾ ਛੋਟਾ ਭਰਾ ਸੁੰਦਰ ਉਮਰ ਕਰੀਬ 32 ਸਾਲ ਜੋ ਮੇਰੇ ਨਾਲ ਹੀ ਫੈਕਟਰੀ ਵਿੱਚ ਨੌਕਰ ਕਰਦਾ ਹੈ ਅਤੇ ਆਪਣੇ ਪਰਿਵਾਰ ਸਮੇਤ ਅੰਬ ਸਾਹਿਬ ਕਲੋਨੀ ਫੇਸ-11 ਮੋਹਾਲੀ ਵਿਖੇ ਕਿਰਾਏ ਤੇ ਰਹਿੰਦਾ ਹੈ। ਮਿਤੀ 30-11-22 ਨੂੰ ਮੈਂ ਆਪਣੀ ਐਕਟਿਵਾ ਤੇ ਸਵਾਰ ਹੋ ਕੇ ਅਤੇ ਮੇਰਾ ਭਰਾ ਸੁੰਦਰ ਆਪਣੇ ਮੋਟਰ ਸਾਈਕਲ ਨੰ.ਪੀ.ਬੀ-65ਏ.ਵਾਈ-3910 ਪਰ ਸਵਾਰ ਹੋ ਕੇ ਪਿੰਡ ਮੋਰਠਿਕਰੀ ਆਪਣੀ ਡਿਊਟੀ ਤੇ ਜਾ ਰਹੇ ਸੀ। ਜਦੋਂ ਅਸੀਂ ਮਾਲਵਾ ਸਟੋਨ ਕਰੈਸ਼ਰ ਤੋਂ ਥੋੜਾ ਪਿੱਛੇ ਪੁੱਜੇ ਤਾਂ ਵਕਤ ਕਰੀਬ 08:25ਏ.ਐਮ ਦਾ ਹੋਵੇਗਾ ਕਿ ਪਿੱਛੇ ਤੋਂ ਇੱਕ ਟਿੱਪਰ ਨੰਬਰੀ ਸੀ.ਐਚ-04ਈ-1267 ਬੜੀ ਤੇਜ਼ ਰਫਤਾਰੀ ਨਾਲ ਬਿਨਾਂ ਹਾਰਨ ਦਿੱਤੇ ਆਇਆ ਅਤੇ ਮੇਰੇ ਦੇਖਦੇ ਹੀ ਦੇਖਦੇ ਟਿੱਪਰ ਮੇਰੇ ਭਰਾ ਦੇ ਮੋਟਰ ਸਾਈਕਲ ਵਿੱਚ ਮਾਰਿਆ। ਜਿਸ ਕਾਰਨ ਮੇਰਾ ਭਰਾ ਟਿੱਪਰ ਦੇ ਅਗਲੇ ਟਾਇਰਾਂ ਦੇ ਥੱਲੇ ਆ ਗਿਆ ਜਿਸ ਦੇ ਜਿਆਦਾ ਸੱਟਾ ਲੱਗਣ ਕਾਰਨ ਮੌਕਾ ਪਰ ਹੀ ਮੌਤ ਹੋ ਗਈ। ਮੌਕਾ ਪਰ ਲੋਕਾ ਦਾ ਇਕੱਠ ਹੋਣ ਕਾਰਨ ਉਕਤ ਟਿੱਪਰ ਦਾ ਚਾਲਕ ਆਪਣਾ ਟਿੱਪਰ ਮੌਕਾ ਛੱਡ ਕੇ ਫਰਾਰ ਹੋ ਗਿਆ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 8 | ਮੁਕੱਦਮਾ ਨੰ:375<br>ਮਿਤੀ: 30-11-22<br>ਜੁਰਮ: 283,337, 427, ਆਈ.ਪੀ.ਸੀ.<br>ਥਾਣਾ:- ਡੇਰਾਬਸੀ | ਹਰਭਜਨ ਲਾਲ ਪੁੱਤਰ ਦੇਵੀ ਚੰਦ ਵਾਸੀ ਪਿੰਡ ਮੋਹੜਾ ਜਿਲਾ ਅੰਬਾਲਾ ਹਰਿਆਣਾ<br>ਉਮਰ ਕਰੀਬ 36 ਸਾਲ<br>99912-94348 | ਨਾ-ਮਾਲੂਮ ਚਾਲਕ<br>ਟਰੈਕਟਰ-ਟਰਾਲੀ ਨੰ. ਐਚ.ਆਰ-05ਬੀ.ਜੀ-1645 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਡਰਾਇਵਰੀ ਦੀ ਨੌਕਰੀ ਕਰਦਾ ਹਾਂ। ਮੇਰੇ ਪਿਤਾ ਦੇਵੀ ਚੰਦ ਵੀ ਕੈਂਟਰ ਨੰਬਰੀ ਐਚ.ਆਰ-37ਡੀ-7405 ਮਾਰਕਾ ਟਾਟਾ ਪਰ ਡਰਾਇਵਰੀ ਕਰਦੇ ਹਨ। ਮਿਤੀ 29-11-22 ਨੂੰ ਮੈਂ ਅਤੇ ਮੇਰੇ ਪਿਤਾ ਦੇਵੀ ਚੰਦ ਚੰਡੀਮੰਦਰ ਕੈਂਟਰ ਖਾਲੀ ਕਰਕੇ ਵਾਪਿਸ ਅੰਬਾਲਾ ਨੂੰ ਆ ਰਹੇ ਸੀ ਤਾਂ ਵਕਤ ਕਰੀਬ 02:45ਏ.ਐਮ ਦਾ ਹੋਵੇਗਾ ਜਦੋਂ ਅਸੀਂ ਰੇਲਵੇ ਕਰਾਸਿੰਗ ਪਿੰਡ ਭਾਂਖਰਪੁਰ ਪੁੱਜੇ ਤਾਂ ਇੱਕ ਟਰੈਕਟਰ ਟਰਾਲੀ ਬਿਨਾਂ ਇੰਡੀਗਟਰ ਅਤੇ ਬਿਨਾਂ ਰਿਫਲੈਕਟਰ ਤੋਂ ਮੇਨ ਰੋਡ ਪਰ ਖੜੀ ਸੀ ਜੋ ਸਾਹਮਣੇ ਤੋਂ ਗੱਡੀਆਂ ਦੀਆਂ ਲਾਈਟਾਂ ਪੈਣ ਕਾਰਨ ਮੇਰੇ ਪਿਤਾ ਦਾ ਕੈਟਰ ਟਰਾਲੀ ਪਿੱਛੇ ਵੱਜਿਆ। ਜਿਸ ਕਾਰਨ ਮੇਰੇ ਪਿਤਾ ਜੀ ਦੇ ਕਾਫੀ ਜਿਆਦਾ ਸੱਟਾਂ ਲੱਗੀਆਂ। ਮੈਂ ਰਾਹਗੀਰਾਂ ਦੀ ਮੱਦਦ ਨਾਲ ਆਪਣੇ ਪਿਤਾ ਨੂੰ ਸਿਵਲ ਹਸਪਤਾਲ ਡੇਰਾਬਸੀ ਵਿਖੇ ਦਾਖਲ ਕਰਵਾਇਆ। ਜਿੱਥੇ ਡਾਕਟਰ ਸਾਹਿਬ ਨੇ ਮੁੱਢਲੀ ਸਹਾਇਤਾ ਦੇ ਕੇ ਪਿਤਾ ਜੀ ਨੂੰ ਪੀ.ਜੀ.ਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਇਹ ਹਾਦਸਾ ਉਕਤ ਟਰੈਕਟਰ ਟਰਾਲੀ ਦੇ ਨਾ-ਮਾਲੂਮ ਚਾਲਕ ਵੱਲੋਂ ਟਰੈਕਟਰ ਟਰਾਲੀ ਬਿਨਾਂ ਇਸ਼ਾਰਾ ਸੜਕ ਵਿਚਕਾਰ ਖੜਾਉਣ ਕਾਰਨ ਵਾਪਰਿਆ ਹੈ। |